# ਰੂੜੀ ਦਾ ਪ੍ਰਬੰਧ ਕਰਨਾ

www.manurelink.com 'ਤੇ
ਹੋਰ ਸ੍ਰੋਤਾਂ ਦਾ ਪਤਾ ਲਾਓ

## ਰੂੜੀ ਦਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਕਿਉਂ ਹੈ?

ਛੋਟੇ ਖੇਤਾਂ ਅਤੇ ਵਪਾਰਕ ਖੇਤਾਂ ਵਿੱਚ ਰੂੜੀ ਦਾ ਢੁਕਵੇਂ ਤਰੀਕੇ ਨਾਲ ਭੰਡਾਰ ਕਰਨ ਅਤੇ ਇਸਦੀ ਵਰਤੋਂ ਬਹੁਤ ਜ਼ਰੂਰੀ ਹੈ। ਖਾਦ ਵਜੋਂ ਰੂੜੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਅਤੇ ਪੌਸ਼ਕ ਤੱਤਾਂ ਅਤੇ ਬੈਕਟੀਰੀਆਂ ਨੂੰ ਨਹਿਰਾਂ (ਪਾਣੀ ਦੇ ਸ੍ਰੋਤਾਂ) ਵਿੱਚ ਜਾਣ ਤੋਂ ਰੋਕਣ ਲਈ ਇਸਦਾ ਚੰਗੀ ਤਰ੍ਹਾਂ ਪ੍ਰਬੰਧ ਕਰਨਾ ਜ਼ਰੂਰੀ ਹੈ। ਜੇ ਤੁਸੀਂ ਰੂੜੀ ਦਾ ਪ੍ਰਬੰਧ ਕੀਤੇ ਜਾਣ ਦੀਆਂ ਸਿਫ਼ਾਰਸਾਂ ਦੀ ਪਾਲਣਾ ਕਰਦੇ ਹੋ, ਤਾਂ ਇਸਦੇ ਨਤੀਜੇ ਵਜੋਂ ਤੁਹਾਨੂੰ ਮਿਲਦਾ ਹੈ, ਸਾਫ਼ ਪਾਣੀ, ਘੱਟ ਚਿੱਕੜ ਅਤੇ ਸਿਹਤਮੰਦ ਜਾਨਵਰ।



ਬਹੁਤ ਜ਼ਿਆਦਾ ਨਮੀ ਤੋਂ ਬਚਾਉਣ ਲਈ ਰੂੜੀ ਦੇ ਢੇਰਾਂ ਨੂੰ ਅਕਤੂਬਰ ਤੋਂ ਲੈਕੇ 31 ਮਾਰਚ ਤੱਕ ਢਕਕੇ ਰੱਖਣਾ ਚਾਹੀਦਾ ਹੈ

## ਰੂੜੀ ਦਾ ਸੁਚੱਜਾ ਪ੍ਰਬੰਧ ਕਰਨ ਦੇ ਕੀ ਲਾਭ ਹਨ?

**ਆਪਣੇ ਪਸ਼ੂਆਂ ਦੀ ਸਿਹਤ ਨੂੰ ਯਕੀਨੀ ਬਣਾਉਣਾ:** ਬੈਕਟੀਰੀਆ ਅਤੇ ਮੱਖੀਆਂ ਦੇ ਵਾਧੇ ਲਈ ਰੂੜੀ ਅਤੇ ਪਿਸ਼ਾਬ ਵਾਲੀ ਪਰਾਲੀ ਵਧੀਆ ਜ਼ਰੀਆ ਹੈ। ਤੁਹਾਡੇ ਜਾਨਵਰਾਂ ਦੀ ਸਿਹਤ ਲਈ ਪਸ਼ੂਵਾੜਿਆਂ, ਵਾੜਿਆਂ ਅਤੇ ਠੰਡ ਦੇ ਦਿਨਾਂ ਵਿੱਚ ਬੰਦ ਥਾਵਾਂ ਤੋਂ ਨੇਮ ਨਾਲ ਰੂੜੀ ਇਕੱਠੀ ਕਰਨੀ ਜ਼ਰੂਰੀ ਹੈ।

ਰੂੜੀ ਦਾ ਢੁਕਵੇਂ ਤਰੀਕੇ ਨਾਲ ਭੰਡਾਰ ਨਾ ਕਰਨ ਅਤੇ ਢਕਕੇ ਨਾ ਰੱਖਣ ਕਰਕੇ ਪਰਜੀਵੀਆਂ, ਬੈਕਟੀਰੀਆ ਜਾਂ ਰੋਗ ਲਾਉਣ ਵਾਲੇ ਹੋਰ ਜੀਵਾਣੂਆਂ ਕਰਕੇ ਲੋਕਾਂ ਅਤੇ ਪਸ਼ੂਆਂ ਨੂੰ ਲਾਗ ਲੱਗ ਸਕਦੀ ਹੈ। ਇੱਥੋਂ ਤੱਕ ਕਿ ਬਿਮਾਰੀ ਇੱਕ ਖੇਤ ਤੋਂ ਦੂਜੇ ਖੇਤ ਤੱਕ ਫੈਲ ਸਕਦੀ ਹੈ।

**ਨਹਿਰਾਂ ਦੀ ਰਾਖੀ ਕਰਨਾ:** ਮੀਂਹ ਪੈਣ ਵੇਲੇ ਰੂੜੀ ਤੋਂ ਵਹਿਣ ਵਾਲਾ ਪਾਣੀ ਨਾਲ ਲੱਗਦੀਆਂ ਨਹਿਰਾਂ/ਪਾਣੀ ਦੇ ਸ੍ਰੋਤਾਂ ਵਿੱਚ ਜਾਕੇ ਮਿਲ ਸਕਦਾ ਹੈ, ਇਸ ਨਾਲ ਵਹਿਣ ਵਾਲੇ ਪਾਣੀ ਦੀ ਅਰੋਗਤਾ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਇੱਥੋਂ ਤੱਕ ਕਿ ਸ਼ਾਇਦ ਪੀਣ ਵਾਲੇ ਪਾਣੀ 'ਤੇ ਵੀ ਅਸਰ ਪੈਂਦਾ ਹੈ। ਢੁਕਵੇਂ ਪ੍ਰਬੰਧ ਨਾਲ ਰੂੜੀ ਨੂੰ ਪਾਣੀ ਦੀ ਪਹੁੰਚ ਤੋਂ ਦੂਰ ਰੱਖਣ ਵਿੱਚ ਮਦਦ ਮਿਲਦੀ ਹੈ।

**ਗੁਣਕਾਰੀ ਪੋਸ਼ਕ-ਤੱਤ:** ਰੂੜੀ, ਤੁਹਾਡੀ ਜ਼ਮੀਨ ਲਈ ਪੋਸ਼ਕ ਤੱਤਾਂ ਦਾ ਇੱਕ ਬਿਹਤਰੀਨ ਸ੍ਰੋਤ ਤਿਆਰ ਕਰ ਸਕਦੀ ਹੈ, ਚਰਾਂਦਾਂ ਅਤੇ ਬਾਗ਼-ਬਗ਼ੀਚਿਆਂ ਵਿੱਚ ਵਾਧਾ ਕਰ ਸਕਦੀ ਹੈ। ਇੱਕ ਸਾਲ ਵਿੱਚ, ਸਾਨੂੰ ਸਿਰਫ਼ ਇੱਕ ਘੋੜੇ ਤੋਂ 45 ਕਿਲੋ (100 lb) ਨਾਈਟ੍ਰੋਜਨ (N), 8 ਕਿਲੋ (17 lb) ਫੌਸਫੋਰਸ (P), 28 ਕਿਲੋ (62 lb) ਪੋਟੈਸ਼ੀਅਮ (K), ਅਤੇ 8084 ਕਿਲੋ ਔਰਗੈਨਿਕ ਪਦਾਰਥ ਵਾਲੀ ਢੁਕਵੀਂ ਰੂੜੀ ਮਿਲਦੀ ਹੈ! ਹਾਲਾਂਕਿ, ਕੱਚੀ ਰੂੜੀ ਵਿਚਲੇ ਪੋਸ਼ਕ-ਤੱਤ ਅਸਾਨੀ ਨਾਲ ਵਰਤੇ ਜਾਣ ਵਾਲੇ ਰੂਪ ਵਿੱਚ ਨਹੀਂ ਹੁੰਦੇ। ਰੂੜੀ ਨੂੰ ਅਸਰਦਾਰ ਖਾਦ ਬਣਾਉਣ ਦਾ ਇੱਕੋ-ਇੱਕ ਤਰੀਕਾ ਮਿਲੀ-ਜੁਲੀ ਖਾਦ ਬਣਾਉਣਾ ਹੈ। ਰੂੜੀ ਦੀ ਜ਼ਿਆਦਾ ਮਾਤਰਾ ਨਾਲ ਨਜਿੱਠਣ ਅਤੇ ਇਸ ਨੂੰ ਵੱਡਮੁੱਲੀ ਖਾਦ ਵਿੱਚ ਬਦਲਣ ਲਈ ਮਿਲੀ-ਜੁਲੀ ਖਾਦ ਬਣਾਉਣਾ, ਪ੍ਰਬੰਧ ਕਰਨ ਦਾ ਇੱਕ ਬਿਹਤਰੀਨ ਜ਼ਰੀਆ ਹੈ।

## ਇਸਦਾ ਭੰਡਾਰ ਕਰਨ ਲਈ ਤੁਹਾਨੂੰ ਕਿੰਨੀ ਥਾਂ ਚਾਹੀਦੀ ਹੈ?

ਸਾਲ ਦੇ ਹਿੱਸੇ ਵਿੱਚ ਚਰਾਂਦ ਵਧਾਉਣ ਲਈ ਰੂੜੀ ਨਹੀਂ ਪਾਈ ਜਾ ਸਕਦੀ, ਇਸ ਲਈ ਇਸਦਾ ਭੰਡਾਰ ਕਰਨਾ ਪੈਂਦਾ ਹੈ। ਰੂੜੀ ਦਾ ਪ੍ਰਬੰਧ ਕਰਨ ਲਈ ਲੋੜੀਂਦੀ ਥਾਂ ਦੀ ਮਾਤਰਾ ਪਸ਼ੂਆਂ ਦੀ ਕਿਸਮ ਅਤੇ ਤਦਾਦ 'ਤੇ ਨਿਰਭਰ ਕਰਦੀ ਹੈ।

| ਪਸ਼ੂਆਂ ਦੀ ਕਿਸਮ (ਇਕੱਲਾ ਜਾਨਵਰ) | 6 ਮਹੀਨੇ ਲਈ ਲੋੜੀਂਦੀ ਸਟੋਰੇਜ (ਅਕਤੂਬਰ-ਮਾਰਚ) |
|---|---|
| ਘੋੜਾ | 5.5 $m^3$ (7 ਘਣ ਗਜ਼) |
| ਗਊਆਂ/ਮੱਝਾਂ ਆਦਿ | 7 $m^3$ (9 ਘਣ ਗਜ਼) |
| ਸੂਰ | 3.5 $m^3$ (ਘਣ ਗਜ਼) |
| ਭੇਡ/ਬਕਰੀ | 5 $m^3$ (6.5 ਘਣ ਗਜ਼) |

LANGLEY ENVIRONMENTAL PARTNERS SOCIETY

## ਮੈਂ ਆਪਣੀ ਰੂੜੀ ਦੇ ਢੇਰ ਲਈ ਢੁਕਵੀਂ ਥਾਂ ਕਿੱਥੇ ਬਣਾਵਾਂ?

- ਰੂੜੀ ਦੀ ਸਟੋਰੇਜ ਉੱਚੀ, ਸੁੱਕੀ ਅਤੇ ਪਾਣੀ ਦੇ ਕਿਸੇ ਵੀ ਸ੍ਰੋਤਾਂ ਤੋਂ ਦੂਰ ਪੱਧਰੀ ਥਾਂ 'ਤੇ ਹੋਣੀ ਚਾਹੀਦੀ ਹੈ।
- ਰੂੜੀ ਦੀ ਸਾਰੀ ਸਟੋਰੇਜ ਢਕੀ ਹੋਈ ਅਤੇ ਤੁਹਾਡੀ ਸੰਪਤੀ ਦੀਆਂ ਸਰਹੱਦਾਂ ਤੋਂ ਘੱਟੋ-ਘੱਟ 4.5 ਮੀਟਰ (15 ਫ਼ੁੱਟ) ਹੋਣੀ ਚਾਹੀਦੀ ਹੈ।
- ਰੂੜੀ ਦੀ ਸਟੋਰੇਜ ਦਾ ਤਿੰਨ ਕੰਧਾਂ, ਛੱਤ ਅਤੇ ਸੁਰੱਖਿਅਤ ਅਧਾਰ ਵਾਲਾ ਪੱਕਾ ਢਾਂਚਾ (7 ਮਹੀਨਿਆਂ ਜਾਂ ਵੱਧ ਸਮੇਂ ਦੀ ਸਟੋਰੇਜ ਲਈ ਲੋੜੀਂਦਾ ਹੈ) ਪੀਣ ਵਾਲੇ ਪਾਣੀ ਦੇ ਸ੍ਰੋਤਾਂ ਤੋਂ ਘੱਟੋ-ਘੱਟ 30 ਮੀਟਰ (100 ਫ਼ੁੱਟ) ਦੂਰ ਅਤੇ ਪਾਣੀ ਦੇ ਹੋਰ ਸਾਰੇ ਸ੍ਰੋਤਾਂ ਤੋਂ 15 ਮੀਟਰ (50 ਫ਼ੁੱਟ) ਦੂਰ ਹੋਣਾ ਚਾਹੀਦਾ ਹੈ।
- ਰੂੜੀ ਦੇ ਢੇਰ ਪਾਣੀ ਦੇ ਸਾਰੇ ਸ੍ਰੋਤਾਂ ਤੋਂ ਘੱਟੋ-ਘੱਟ 30 ਮੀਟਰ (100 ਫ਼ੁੱਟ) ਦੂਰ ਹੋਣੇ ਚਾਹੀਦੇ ਹਨ।
- ਜੇ ਰੂੜੀ ਨੂੰ ਹਟਾਉਣ ਦੀ ਲੋੜ ਹੈ, ਤਾਂ ਉਸ ਥਾਂ ਤੱਕ ਟ੍ਰੈਕਟਰ ਪਹੁੰਚਣਾ ਚਾਹੀਦਾ ਹੈ।




## ਤੁਹਾਡੇ ਖੇਤ ਲਈ ਰੂੜੀ ਦੀ ਸਟੋਰੇਜ ਲਈ ਬਿਹਤਰੀਨ ਵਿਕਲਪ ਕਿਹੜਾ ਹੈ?

**ਢੇਰ ਲਾਉਣ** ਲਈ ਰੂੜੀ ਨੂੰ ਆਪਣੀ ਸੰਪਤੀ ਵਿੱਚ ਰੱਖਣਾ ਅਤੇ ਇਸਨੂੰ ਬਾਅਦ ਦੀ ਕਿਸੇ ਤਾਰੀਖ਼ ਵਿੱਚ ਹਟਾਉਣਾ ਸ਼ਾਮਿਲ ਹੁੰਦਾ ਹੈ।

- ਰੂੜੀ ਅਤੇ ਗੰਦੀ ਪਰਾਲੀ ਦਾ ਢੇਰ ਉਪਰਲੀ ਸਤਹਿ ਦੇ ਪਾਣੀ ਤੋਂ ਘੱਟੋ-ਘੱਟ 30 ਮੀਟਰ (100 ਫ਼ੁੱਟ) 'ਤੇ ਲਾਓ।
- ਵਹਿਣ ਵਾਲੇ ਪਾਣੀ ਨਾਲ ਜੁੜੀਆਂ ਚਿੰਤਾਵਾਂ, ਬੋ ਅਤੇ ਮੱਖੀਆਂ ਘਟਾਉਣ ਲਈ ਢੇਰ ਨੂੰ ਢਕਣ ਲਈ ਤਰਪਾਲ ਦੀ ਵਰਤੋਂ ਕਰੋ।
- ਬਿਹਤਰ ਅਧਾਰ ਅਤੇ 3 ਕੰਧਾਂ ਰੂੜੀ ਤੱਕ ਪਹੁੰਚਣ ਅਤੇ ਇਸਨੂੰ ਢਕਣਾ ਅਸਾਨ ਬਣਾਉਂਦੀਆਂ ਹਨ।
- ਜੇ ਰੂੜੀ ਦਾ ਢੇਰ ਪਾਣੀ ਦੇ ਸੰਵੇਦਨਸ਼ੀਲ ਭੰਡਾਰ ਦੇ ਉੱਪਰ ਹੈ, ਤਾਂ ਸੁਰੱਖਿਅਤ ਅਧਾਰ (ਜਿਵੇਂ ਕੰਕ੍ਰੀਟ, ਹਾੱਗ ਈਂਧਣ ਜਾਂ ਤਰਪਾਲ) ਦੀ ਲੋੜ ਪੈਂਦੀ ਹੈ।

Land Management Guide (leps.bc.ca) **ਵਿੱਚ ਮਿਲੀ-ਜੁਲੀ ਖਾਦ ਬਾਰੇ ਹੋਰ ਜਾਣਕਾਰੀ ਦਾ ਪਤਾ ਲਾਓ।**

**ਮਿਲੀ-ਜੁਲੀ ਖਾਦ** ਇੱਕ ਕੁਦਰਤੀ ਅਮਲ ਹੈ, ਮਿੱਟੀ ਵਿਚਲੇ ਜੀਵਾਣੂਆਂ ਵਲੋਂ ਰੂੜੀ ਵਰਗੇ ਆੱਰਗੈਨਿਕ ਪਦਾਰਥ ਨੂੰ ਵੱਖ ਕਰਨ ਨਾਲ ਇਹ ਅਮਲ ਸ਼ੁਰੂ ਹੁੰਦਾ ਹੈ, ਜਿਸ ਨਾਲ ਵਧੀਆ ਖਾਦ ਬਣਦੀ ਹੈ।

- ਪੋਸ਼ਕ-ਤੱਤਾਂ ਨੂੰ ਬਣਾਈ ਰੱਖਦਾ ਹੈ, ਬੋ ਅਤੇ ਮਾਤਰਾ ਨੂੰ ਘਟਾਉਂਦਾ ਹੈ।
- ਪੱਕੇ ਢਾਂਚੇ ਵਿੱਚ ਰੱਖੀ ਗਈ ਮਿਲੀ-ਜੁਲੀ ਖਾਦ ਜ਼ਰੂਰ ਢਕਣੀ ਚਾਹੀਦੀ ਹੈ ਅਤੇ ਪੀਣ ਵਾਲੇ ਪਾਣੀ ਤੋਂ ਘੱਟੋ-ਘੱਟ 15 ਮੀਟਰ (50 ਫ਼ੁੱਟ) ਅਤੇ ਪਾਣੀ ਦੇ ਹੋਰ ਸਾਰੇ ਸ੍ਰੋਤਾਂ ਤੋਂ ਘੱਟੋ-ਘੱਟ 30 ਮੀਟਰ (100 ਫ਼ੁੱਟ) ਦੂਰ, ਇਸ ਦਾ ਭੰਡਾਰ ਕੀਤਾ ਜਾਣਾ ਚਾਹੀਦਾ ਹੈ।
- ਮਿਲੀ-ਜੁਲੀ ਖਾਦ ਨੂੰ ਜ਼ਰੂਰ ਢਕਣਾ ਚਾਹੀਦਾ ਹੈ ਅਤੇ ਇਸਦਾ ਭੰਡਾਰ ਪਾਣੀ ਦੇ ਸ੍ਰੋਤਾਂ ਤੋਂ 30 ਮੀਟਰ (100 ਫ਼ੁੱਟ) ਦੂਰ ਕਰਨਾ ਚਾਹੀਦਾ ਹੈ।
- ਹੋਰ ਪਰਜੀਵੀਆਂ ਅਤੇ ਨਦੀਨ ਦੇ ਬੀਅ ਖ਼ਤਮ ਕਰਨ ਲਈ ਤਾਪਮਾਨ ਨੂੰ ਘੱਟੋ-ਘੱਟ 55°C (131°F) 'ਤੇ ਪਹੁੰਚਾਉਣ ਲਈ ਘੱਟੋ-ਘੱਟ ਤਿੰਨ ਦਿਨਾਂ ਲਈ ਹਵਾ ਲੁਆਓ।
- ਹਵਾ ਲੁਆਉਣ ਦਾ ਇਹ ਅਮਲ ਜਾਂ ਤਾਂ ਮਸ਼ੀਨੀ ਤੌਰ 'ਤੇ ਟ੍ਰੈਕਟਰ ਨਾਲ ਖਾਦ ਨੂੰ ਇੱਧਰ-ਉਧਰ ਕਰਕੇ ਜਾਂ ਮਿਲੀ-ਜੁਲੀ ਖਾਦ ਵਿੱਚ ਇੱਕੋ ਥਾਂ 'ਤੇ ਮੋਰੀਆਂ ਵਾਲੇ ਪਾਈਪ ਲਾਕੇ ਪੂਰਾ ਕੀਤਾ ਜਾ ਸਕਦਾ ਹੈ।
- ਸਹੂਲਤ ਦੀਆਂ ਮੁਸ਼ਕਿਲਾਂ ਨੂੰ ਵੇਖਦਿਆਂ ਵਾਜਬ ਤੋਂ ਵੱਧ ਲਾਗਤ ਲੱਗ ਸਕਦੀ ਹੈ।
- ਵਾਧੇ ਦੀ ਰੁੱਤ ਵਿੱਚ ਰੂੜੀ ਨੂੰ ਚਰਾਂਦਾਂ 'ਤੇ ਫੈਲਾਉਣਾ।



ਮੋਰੀ ਵਾਲੇ PVC ਪਾਈਪਾਂ ਨੂੰ ਮਿਲੀ-ਜੁਲੀ ਖਾਦ ਦੇ ਢੇਰ ਵਿੱਚ ਲਾਕੇ ਇਸ ਨੂੰ ਚੋਖੀ ਹਵਾ ਮਿਲਦੀ ਹੈ।




ਢੇਰ ਲਾਉਣ ਦਾ ਅਸਾਨ ਤਰੀਕਾ।

This project was undertaken with the financial support of:
Ce projet a été réalisé avec l'appui financier de :
Environment and Climate Change Canada
Environnement et Changement climatique Canada

LANGLEY ENVIRONMENTAL PARTNERS SOCIETY